Calgary



# ਕੈਲਗਰੀ ਵਿੱਚ ਨਵੇਂ ਆਇਆਂ ਲਈ ਗਾਈਡ

## ਕੈਲਗਰੀ ਵਿੱਚ ਜੀ ਆਇਆਂ ਨੂੰ

ਕੈਲਗਰੀ ਵਿੱਚ ਰਹਿਣ, ਕੰਮ ਕਰਨ ਅਤੇ ਆਲੇ-ਦੁਆਲੇ ਘੁੰਮਣ ਬਾਰੇ ਵਧੇਰੇ ਜਾਣਨ ਲਈ calgary.ca 'ਤੇ ਜਾਓ।

19-0002890



## ਮਹੱਤਵਪੂਰਨ ਫੋਨ ਨੰਬਰ

**311** ਸਿਟੀ ਜਾਣਕਾਰੀ ਲਈ ਜਾਂ ਕੈਲਗਰੀ ਸ਼ਹਿਰ ਦੀਆਂ ਹੱਦਾਂ ਦੇ ਅੰਦਰ ਸੇਵਾ ਦੀ ਬੇਨਤੀ ਕਰਨ ਲਈ। 311 ਨੂੰ ਕਾਲ ਕਰਨ ਦੇ ਸਮੇਂ ਦੀਆਂ ਉਦਾਹਰਣਾਂ:

- ਬਰਫ ਅਤੇ ਬਰਫ ਸਬੰਧੀ ਚਿੰਤਾਵਾਂ ਦੀ ਸੂਚਨਾ ਦਿਓ
- ਕੰਮ ਨਾ ਕਰਦੀਆਂ ਸਟ੍ਰੀਟਲੈਂਪਾਂ ਦੀ ਸੂਚਨਾ ਦਿਓ
- ਸ਼ੋਰ ਸਬੰਧੀ ਸ਼ਿਕਾਇਤਾਂ

311 200 ਤੋਂ ਵੱਧ ਭਾਸ਼ਾਵਾਂ ਵਿੱਚ ਭਾਸ਼ਾ ਅਨੁਵਾਦ ਸੇਵਾਵਾਂ ਦੀ ਪੇਸ਼ਕਸ਼ ਕਰਦਾ ਹੈ। ਜੇਕਰ ਤੁਸੀਂ ਆਪਣੀ ਭਾਸ਼ਾ ਦਾ ਨਾਮ ਅੰਗਰੇਜ਼ੀ ਵਿੱਚ ਦੱਸਦੇ ਹੋ, ਤਾਂ ਇੱਕ ਦੁਭਾਸ਼ੀਆ ਮੁਹੱਈਆ ਕੀਤਾ ਜਾਵੇਗਾ।

**911** ਸਿਹਤ, ਸੁਰੱਖਿਆ ਅਤੇ ਜਾਇਦਾਦ ਨਾਲ ਸਬੰਧਤ ਐਮਰਜੈਂਸੀ ਲਈ। ਇਸ ਵਿੱਚ ਡਾਕਟਰੀ ਪਰੇਸ਼ਾਨੀ, ਅੱਗ ਲੱਗਣਾ, ਵੱਧ ਰਹੇ ਜੁਰਮ ਅਤੇ ਮੋਟਰ ਵਾਹਨ ਨਾਲ ਸਬੰਧਤ ਹਾਦਸੇ ਸ਼ਾਮਲ ਹੁੰਦੇ ਹਨ ਜਿੱਥੇ ਇੱਕ ਐਂਬੂਲੈਂਸ/ਟੋ ਟਰੱਕ ਦੀ ਜ਼ਰੂਰਤ ਹੁੰਦੀ ਹੈ। ਪਰਿਵਾਰ ਦੇ ਸਾਰੇ ਮੈਂਬਰਾਂ ਨੂੰ ਇਹ ਸਿਖਾਉਣਾ ਮਹੱਤਵਪੂਰਨ ਹੁੰਦਾ ਹੈ ਕਿ 911 ਨੂੰ ਕਦੋਂ ਕਾਲ ਕਰਨੀ ਹੈ। ਭਾਵੇਂ ਜੇਕਰ ਕਾਲ ਕਰਨ ਵਾਲਾ ਸਿਰਫ "ਅੱਗ", "ਪੁਲਿਸ" ਜਾਂ "ਮਦਦ" ਹੀ ਕਹਿ ਸਕਦਾ ਹੈ, ਤਾਂ ਵੀ ਅਪਾਤਕਾਲੀਨ ਸਹਾਇਤਾ ਭੇਜੀ ਜਾਵੇਗੀ। 911 'ਤੇ ਫੋਨ ਕਰਨ ਵੇਲੇ ਆਪਣੇ ਸਥਾਨ ਜਾਂ ਪਤੇ ਦਾ ਪਤਾ ਹੋਣਾ ਵੀ ਮਹੱਤਵਪੂਰਨ ਹੁੰਦਾ ਹੈ। ਕਿਸੇ ਵਿਅਕਤੀ ਦਾ ਸਥਾਨ ਹਮੇਸ਼ਾ ਆਪਣੇ ਆਪ ਗਿਆਤ ਨਹੀਂ ਹੁੰਦਾ ਹੈ ਇਸ ਲਈ ਇਹ ਇੱਕ ਅਪਾਤਕਾਲ ਵਿੱਚ ਸਹਾਇਤਾ ਪ੍ਰਾਪਤ ਕਰਨ ਲਈ ਜਾਣਕਾਰੀ ਦਾ ਸਭ ਤੋਂ ਜ਼ਰੂਰੀ ਹਿੱਸਾ ਹੁੰਦਾ ਹੈ। ਅਨੁਵਾਦ ਸੇਵਾਵਾਂ ਉਪਲਬਧ ਹਨ।

**211** ਕੈਲਗਰੀ ਵਿੱਚ ਉਪਲਬਧ ਕਮਿਊਨਿਟੀ ਜਾਂ ਸਮਾਜਕ ਸਰੋਤਾਂ ਬਾਰੇ ਜਾਣਕਾਰੀ ਲਈ। ਇਸ ਵਿੱਚ ਵਿੱਤੀ, ਸਮਾਜਕ, ਭੋਜਨ ਅਤੇ ਮਾਨਸਿਕ ਸਿਹਤ ਸਹਾਇਤਾ ਸ਼ਾਮਲ ਹੁੰਦੀ ਹੈ। ਮੁਫਤ ਅਤੇ ਗੁੱਪਤ ਅਤੇ ਅਨੁਵਾਦ ਸੇਵਾਵਾਂ ਉਪਲਬਧ ਹਨ। ਜਿਆਦਾ ਜਾਣਕਾਰੀ ਲਈ informalberta.ca 'ਤੇ ਜਾਓ।

**811** ਹੈਲਥ ਲਿੰਕ: ਰਜਿਸਟਰਡ ਨਰਸ ਦੁਆਰਾ ਮੁਹੱਈਆ ਕੀਤੀਆਂ ਜਾਂਦੀਆਂ ਸਿਹਤ ਸਲਾਹ ਅਤੇ ਸਿਹਤ ਜਾਣਕਾਰੀ ਸੇਵਾਵਾਂ ਲਈ। ਨਰਸ ਤੁਹਾਡੀ ਬਿਮਾਰੀ ਦਾ ਪਤਾ ਲਾਉਣ ਦੇ ਯੋਗ ਨਹੀਂ ਵੀ ਹੋ ਸਕਦੀ ਹੈ ਪਰ ਉਹ ਤੁਹਾਨੂੰ ਇਹ ਦੱਸ ਦੇਵੇਗੀ ਕਿ ਕੀ ਤੁਹਾਨੂੰ ਡਾਕਟਰੀ ਇਲਾਜ ਲੈਣਾ ਚਾਹੀਦਾ ਹੈ ਜਾਂ ਘਰ ਵਿੱਚ ਇਲਾਜ ਨੂੰ ਅਜ਼ਮਾਉਣਾ ਚਾਹੀਦਾ ਹੈ। ਅਨੁਵਾਦ ਸੇਵਾਵਾਂ ਉਪਲਬਧ ਹਨ।

## ਕੈਲਗਰੀ ਦੇ ਆਲੇ-ਦੁਆਲੇ ਘੁੰਮਣਾ

### ਰੇਲ ਰਾਹੀਂ

ਕੈਲਗਰੀ ਸਿਟੀ ਦੇ ਮੁੱਖ ਲਾਈਨਾਂ ਨਾਲ ਸੀਟ੍ਰੇਨ (Ctrain) ਸੇਵਾ ਦੀ ਪੇਸ਼ਕਸ਼ ਕਰਦੀ ਹੈ – ਉੱਤਰ-ਦੱਖਣ ਵਿੱਚ ਚੱਲਦੀ ਇੱਕ ਲਾਲ ਲਾਈਨ ਅਤੇ ਪੂਰਬ-ਪੱਛਮ ਵਿੱਚ ਚੱਲਦੀ ਇੱਕ ਨੀਲੀ ਲਾਈਨ। ਸੀਟ੍ਰੇਨ (Ctrain) ਡਾਊਨਟਾਊਨ ਵਿੱਚ ਮੁਫਤ ਹੈ – ਬਸ ਸੱਤਵੇਂ ਐਵ. ਦੇ ਨਾਲ ਕਿਸੇ ਵੀ ਸਟਾਪ 'ਤੇ ਰੁਕੋ। ਤੁਹਾਡੇ ਡਾਊਨਟਾਊਨ ਛੱਡਣ ਤੋਂ ਪਹਿਲਾਂ ਰੇਲ ਤੋਂ ਉਤਰਣ ਤਕ, ਕੋਈ ਕਿਰਾਏ ਦੀ ਲੋੜ ਨਹੀਂ ਹੁੰਦੀ ਹੈ।

### ਬੱਸ ਰਾਹੀਂ

ਬੱਸ ਸੇਵਾ ਪੂਰੇ ਸ਼ਹਿਰ ਵਿੱਚ ਉਪਲਬਧ ਹੈ ਅਤੇ ਸੀਟ੍ਰੇਨ ਲਾਈਨ ਨਾਲ ਜੁੜਦੀ ਹੈ। ਆਪਣੇ ਰਸਤੇ ਦਾ ਪਤਾ ਲਗਾਉਣ ਲਈ, ਕੈਲਗਰੀ ਟ੍ਰਾਂਜ਼ਿਟ ਕੋਲ ਇੱਕ ਵੈਬਸਾਈਟ ਅਤੇ ਐਪ ਹੈ ਜਿੱਥੇ ਤੁਸੀਂ ਇਹ ਪਤਾ ਲਗਾਉਣ ਲਈ ਕਿ ਤੁਸੀਂ ਕਿੱਥੇ ਜਾ ਰਹੇ ਹੋ, ਆਪਣੀ ਸ਼ੁਰੂਆਤ ਅਤੇ ਮੰਜ਼ਿਲ ਦੀ ਚੋਣ ਕਰ ਸਕਦੇ ਹੋ। ਤੁਸੀਂ ਸਮਾਂ ਸਾਰਣੀ ਔਨਲਾਈਨ **calgarytransit.com** 'ਤੇ ਪਤਾ ਕਰ ਸਕਦੇ ਹੋ

### ਆਵਾਜਾਈ ਦੇ ਕਿਰਾਏ

ਬੱਸ ਅਤੇ ਸੀਟ੍ਰੇਨ ਦੇ ਕਿਰਾਏ ਪੂਰੇ ਸ਼ਹਿਰ ਵਿੱਚ ਸਮਾਨ ਹਨ, ਕੋਈ ਫਰਕ ਨਹੀਂ ਪੈਂਦਾ ਕਿ ਤੁਸੀਂ ਕਿੱਥੇ ਜਾ ਰਹੇ ਹੋ। ਛੋਟ ਵਾਲੇ ਕਿਰਾਏ ਬੱਚਿਆਂ, ਵਿਦਿਆਰਥੀਆਂ ਅਤੇ ਬਜ਼ੁਰਗਾਂ ਲਈ ਉਪਲਬਧ ਹਨ। ਤੁਸੀਂ ਵਿਕ੍ਰੇਤਾ ਮਸ਼ੀਨਾਂ ਤੋਂ ਟਿਕਟਾਂ ਖਰੀਦ ਸਕਦੇ ਹੋ ਜੋ ਸਾਰੇ ਸੀਟ੍ਰੇਨ ਸਟੇਸ਼ਨਾਂ 'ਤੇ ਸਥਿਤ ਸਿੱਕੇ, ਕ੍ਰੈਡਿਟ ਅਤੇ ਡੈਬਿਟ ਕਾਰਡਾਂ ਨੂੰ ਸਵੀਕਾਰਦੀਆਂ ਹਨ। ਬੱਸ 'ਤੇ ਆਪਣੇ ਕਿਰਾਏ ਦਾ ਭੁਗਤਾਨ ਕਰਨ ਲਈ ਤੁਹਾਨੂੰ ਖੁੱਲ੍ਹੇ ਪੈਸਿਆਂ ਦੀ ਜ਼ਰੂਰਤ ਹੋਵੇਗੀ। ਜੇਕਰ ਤੁਸੀਂ ਜਾਣਦੇ ਹੋ ਕਿ ਤੁਸੀਂ ਅਕਸਰ ਆਵਾਜਾਈ ਦੀ ਵਰਤੋਂ ਕਰੋਗੇ, ਤਾਂ ਤੁਸੀਂ ਚੁਣੇ ਹੋਏ ਰਿਟੇਲਰਾਂ 'ਤੇ ਜਾਂ **calgarytransit.com** 'ਤੇ ਟਿਕਟਾਂ ਦੀ ਇੱਕ ਕਿਤਾਬ ਜਾਂ ਇੱਕ ਮਹੀਨਾਵਾਰ ਪਾਸ ਖਰੀਦ ਸਕਦੇ ਹੋ।

### ਟ੍ਰਾਂਸਫਰਾਂ

ਜੇ ਆਪਣੀ ਮੰਜ਼ਲ 'ਤੇ ਜਾਣ ਲਈ ਤੁਹਾਨੂੰ ਬੱਸ ਰੂਟਾਂ ਅਤੇ/ਜਾਂ ਸੀਟ੍ਰੇਨ ਦਾ ਸੁਮੇਲ ਲੈਣਾ ਪੈਂਦਾ ਹੈ, ਤਾਂ ਆਪਣੇ ਬੱਸ ਚਾਲਕ ਨੂੰ ਆਪਣੀ ਸੀਟ੍ਰੇਨ ਯਾਤਰਾ ਤੋਂ ਤੁਹਾਡੀ ਪ੍ਰਮਾਣਿਤ ਟਿਕਟ 'ਤੇ ਬਦਲਣ ਜਾਂ ਹੋਲਡ ਲਈ ਆਖਣਾ ਯਾਦ ਰੱਖੋ। ਟ੍ਰਾਂਸਫਰ ਅਗਲੇ 90 ਮਿੰਟਾਂ ਲਈ ਵੈਧ ਹੈ।

### ਟੈਕਸੀ ਰਾਹੀਂ

ਕੈਲਗਰੀ ਦੀ ਟੈਕਸੀ ਅਤੇ ਲਿਮੋਜ਼ੀਨਾਂ ਕੈਲਗਰੀ ਸਿਟੀ ਦੁਆਰਾ ਨਿਯੰਤ੍ਰਿਤ ਕੀਤੀਆਂ ਜਾਂਦੀਆਂ ਹਨ। ਟੈਕਸੀਆਂ ਲੈਣ ਸਮੇਂ, ਅੱਗੇ ਦੀ ਯੋਜਨਾ ਕਰਨਾ ਅਤੇ ਪੀਕ ਅਵਧੀਆਂ 'ਤੇ ਵਿਚਾਰ ਕਰਨਾ ਮਹੱਤਵਪੂਰਨ ਹੁੰਦਾ ਹੈ। ਇਹ ਯਕੀਨੀ ਬਣਾਉਣ ਲਈ ਪਿਛਲੇ ਬੰਪਰ 'ਤੇ ਟੈਕਸੀ ਪਲੇਟ ਦੇਖੋ ਕਿ ਤੁਸੀਂ ਲਾਇਸੰਸਸ਼ੁਦਾ ਟੈਕਸੀ ਲੈ ਰਹੇ ਹੋ। ਟੈਕਸੀ ਕੰਪਨੀ, ਵਾਹਨ ਦੇ ਰੰਗ ਅਤੇ ਫੋਨ ਨੰਬਰ ਬਾਰੇ ਸੁਚੇਤ ਰਹੋ ਕਿਉਂਕਿ ਕਈ ਵਾਰ ਤੁਹਾਨੂੰ ਗੁੰਮ ਹੋਈਆਂ ਚੀਜ਼ਾਂ ਦਾ ਪਤਾ ਲਗਾਉਣ, ਕੋਈ ਸ਼ਿਕਾਇਤ ਕਰਨ ਦੀ ਜ਼ਰੂਰਤ ਹੁੰਦੀ ਹੈ ਜਾਂ ਆਪਣੀ ਯਾਤਰਾ ਬਾਰੇ ਕੋਈ ਚਿੰਤਾ ਹੁੰਦੀ ਹੈ। ਤੁਸੀਂ ਨਕਦ, ਕ੍ਰੈਡਿਟ ਜਾਂ ਡੈਬਿਟ ਕਾਰਡਾਂ ਰਾਹੀਂ ਆਪਣੇ ਟੈਕਸੀ ਦੇ ਕਿਰਾਏ ਦਾ ਭੁਗਤਾਨ ਕਰ ਸਕਦੇ ਹੋ।

## ਕੈਲਗਰੀ ਵਿੱਚ ਜੁੜੇ ਰਹਿਣਾ

**calgary.ca** ਕੈਲਗਰੀ ਦੇ ਜੀਵਨ ਬਾਰੇ ਜਾਣਕਾਰੀ ਪ੍ਰਦਾਨ ਕਰਦੀ ਹੈ ਅਤੇ ਕੈਲਗਰੀ ਸਿਟੀ ਦੀ ਅਧਿਕਾਰਤ ਵੈਬਸਾਈਟ ਹੈ।

ਕੈਲਗਰੀ ਜਨਤਕ ਲਾਇਬ੍ਰੇਰੀ ਦੀਆਂ ਸ਼ਾਖਾਵਾਂ ਮੁਫਤ ਇੰਟਰਨੈਟ ਪਹੁੰਚ ਦੀ ਪੇਸ਼ਕਸ਼ ਕਰਦੀਆਂ ਹਨ - ਆਪਣੇ ਨੇੜੇ ਦੀ ਜਗ੍ਹਾ ਦਾ ਪਤਾ ਲਗਾਉਣ ਲਈ ਇੱਥੇ ਜਾਓ: **calgary.bibliocommons.com/locations**।

### ਨਿਰਪੱਖ ਦਾਖਲਾ

ਆਵਾਜਾਈ ਅਤੇ ਮਨੋਰੰਜਨ ਸਮੇਤ ਸਿਟੀ-ਸਬਸਿਡੀ ਵਾਲੇ ਪ੍ਰੋਗਰਾਮਾਂ ਅਤੇ ਸੇਵਾਵਾਂ ਲਈ ਇੱਕ ਅਰਜ਼ੀ ਪ੍ਰਕਿਰਿਆ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ **calgary.ca/fairentry**'ਤੇ ਜਾਓ। ਨਾਮਾਂਕਣ 800 ਮੈਕਲਿਓਡ ਟ੍ਰੇਲ ਐਸ.ਈ. ਵਿਖੇ ਸਥਿਤ ਮਿਉਨਿਸਿਪਲ ਹਾਲ ਵਿਖੇ ਜਾਂ 2623 56ਵੇਂ ਸੈਂਟ ਐਨ.ਈ. ਵਿਖੇ ਸਥਿਤ ਵਿਲੇਜ ਸਕੁਆਇਰ ਲਾਇਬ੍ਰੇਰੀ ਵਿਖੇ ਮੁਕੰਮਲ ਕੀਤਾ ਜਾ ਸਕਦਾ ਹੈ।

## ਰੁਜ਼ਗਾਰ

ਰੁਜ਼ਗਾਰ ਬਹੁਤ ਸਾਰੇ ਲੋਕਾਂ ਨੂੰ ਕੈਲਗਰੀ ਵੱਲ ਖਿੱਚਦਾ ਹੈ। ਇੱਕ ਵਾਰ ਤੁਹਾਡੇ ਦੁਆਰਾ ਆਪਣਾ ਸਮਾਜਕ ਬੀਮਾ ਨੰਬਰ ਪ੍ਰਾਪਤ ਕਰ ਲੈਣ ਤੋਂ ਬਾਅਦ ਤੁਸੀਂ ਕੰਮ ਦੀ ਭਾਲ ਕਰਨਾ ਸ਼ੁਰੂ ਕਰ ਸਕਦੇ ਹੋ। ਕੰਮ ਦੀ ਭਾਲ ਕਰਨ ਸਮੇਂ ਨੈੱਟਵਰਕਿੰਗ ਇੱਕ ਮਹੱਤਵਪੂਰਨ ਪਹਿਲੂ ਹੁੰਦਾ ਹੈ ਅਤੇ ਪ੍ਰਵਾਸੀਆਂ ਨੂੰ ਸੇਵਾਵਾਂ ਦੇਣ ਵਾਲੀਆਂ ਏਜੰਸੀਆਂ ਅਤੇ ਕਮਿਊਨਿਟੀ ਸੰਸਥਾਵਾਂ ਸਹਾਇਤਾ ਕਰ ਸਕਦੀਆਂ ਹਨ। ਜਿਆਦਾ ਜਾਣਨ ਲਈ **esdc.gc.ca** 'ਤੇ ਜਾਓ।

## ਪ੍ਰਵਾਸੀਆਂ ਨੂੰ ਸੇਵਾਵਾਂ ਦੇਣ ਵਾਲੀਆਂ ਏਜੰਸੀਆਂ

ਕੈਲਗਰੀ ਵਿੱਚ ਨਵੇਂ ਆਉਣ ਵਾਲੇ ਲੋਕਾਂ ਦੀ ਸਹਾਇਤਾ ਕਰਨ ਲਈ ਬਹੁਤ ਸਾਰੀਆਂ ਏਜੰਸੀਆਂ ਉਪਲਬਧ ਹਨ। ਇਹਨਾਂ ਸੰਸਥਾਵਾਂ ਵਿੱਚੋਂ ਬਹੁਤ ਸਾਰੀਆਂ ਬਿਨਾਂ ਕਿਸੇ ਖਰਚ ਦੇ ਰਿਹਾਇਸ਼ ਤੋਂ ਲੈ ਕੇ ਰੋਜ਼ਗਾਰ ਤਕ ਅਤੇ ਸਮਾਜਕ ਦਾਇਰਾ ਲੱਭਣ ਤਕ ਹਰ ਚੀਜ਼ ਵਿੱਚ ਸਹਾਇਤਾ ਕਰ ਸਕਦੀਆਂ ਹਨ। ਕਿਰਪਾ ਕਰਕੇ ਮੁਹੱਈਆ ਕੀਤੀ ਸੂਚੀ ਨੂੰ ਵੇਖੋ।

## ਅੰਗਰੇਜ਼ੀ ਸਿੱਖਣਾ

ਆਪਣੀ ਅੰਗਰੇਜ਼ੀ ਸੁਧਾਰਨਾ ਚਾਹੁੰਦੇ ਹੋ ਜਾਂ ਅੰਗਰੇਜ਼ੀ ਸਿੱਖਣਾ ਚਾਹੁੰਦੇ ਹੋ? ਪ੍ਰਵਾਸੀਆਂ ਨੂੰ ਸੇਵਾਵਾਂ ਦੇਣ ਵਾਲੀਆਂ ਬਹੁਤ ਸਾਰੀਆਂ ਏਜੰਸੀਆਂ ਇਸ ਵਿੱਚ ਸਹਾਇਤਾ ਕਰ ਸਕਦੀਆਂ ਹਨ। ਆਪਣੇ ਲਈ ਸਹੀ ਪ੍ਰੋਗਰਾਮ ਲੱਭਣ ਲਈ ਸੂਚੀ ਵੇਖੋ।

## ਚੈਕਲਿਸਟ

ਇੱਕ ਨਵੇਂ ਸ਼ਹਿਰ ਵਿੱਚ ਪਹੁੰਚਣਾ ਹਾਵੀ ਹੋ ਸਕਦਾ ਹੈ। ਹੇਠਾਂ ਦਿੱਤੀ ਚੈਕਲਿਸਟ ਤੁਹਾਨੂੰ ਉਨ੍ਹਾਂ ਸਾਰੀਆਂ ਮਹੱਤਵਪੂਰਨ ਚੀਜ਼ਾਂ 'ਤੇ ਨਜ਼ਰ ਰੱਖਣ ਵਿੱਚ ਸਹਾਇਤਾ ਕਰੇਗੀ ਜੋ ਤੁਹਾਨੂੰ ਕੈਲਗਰੀ ਵਿੱਚ ਵਸਾਉਣ ਲਈ ਜ਼ਰੂਰੀ ਹੋਣਗੀਆਂ।

☐ **ਆਵਾਸ ਬਾਰੇ ਪਤਾ ਲਗਾਓ**

☐ **ਉਪਯੋਗੀ ਚੀਜ਼ਾਂ ਸੈੱਟ ਕਰੋ***

ਕੁਝ ਸਹੂਲਤਾਂ ਤੁਹਾਡੇ ਕਿਰਾਏ ਦੇ ਇਕਰਾਰਨਾਮੇ ਵਿੱਚ ਸ਼ਾਮਲ ਹਨ।* ਕਿਰਪਾ ਕਰਕੇ ਪਹਿਲਾਂ ਆਪਣੇ ਮਕਾਨ-ਮਾਲਕ ਨਾਲ ਜਾਂਚ ਕਰੋ।

- ਕੇਬਲ/ਇੰਟਰਨੈੱਟ
- ਟੈਲੀਫੋਨ
- ਪਾਣੀ
- ਬਿਜਲੀ
- ਗਰਮੀ
- ਗੈਸ

☐ **ਸੋਸ਼ਲ ਇੰਸ਼ਿਓਰੇਂਸ ਨੰਬਰ ਲਈ ਅਰਜ਼ੀ ਦਿਓ**

ਕਨੇਡਾ ਵਿੱਚ ਕੰਮ ਕਰਨ ਲਈ ਤੁਹਾਡੇ ਕੋਲ ਇੱਕ SIN ਨੰਬਰ ਹੋਣਾ ਲਾਜ਼ਮੀ ਹੈ। ਜਿਆਦਾ ਜਾਣਕਾਰੀ ਲਈ **servicecanada.gc.ca** 'ਤੇ ਜਾਓ।

☐ **ਆਪਣੇ ਅਲਬਰਟਾ ਹੈਲਥ ਕਾਰਡ ਲਈ ਅਰਜ਼ੀ ਦਿਓ**

ਤੁਹਾਨੂੰ ਕੈਲਗਰੀ ਪਹੁੰਚਣ ਦੇ ਤਿੰਨ ਮਹੀਨਿਆਂ ਦੇ ਅੰਦਰ ਅਲਬਰਟਾ ਹੈਲਥ ਕੇਅਰ ਲਈ ਰਜਿਸਟਰ ਕਰਵਾਉਣਾ ਪਵੇਗਾ। ਤੁਹਾਡਾ ਅਲਬਰਟਾ ਹੈਲਥ ਕਾਰਡ ਮੁਢਲੀਆਂ ਸਿਹਤ ਦੇਖਭਾਲ ਸੇਵਾਵਾਂ ਨੂੰ ਕਵਰ ਕਰਦਾ ਹੈ। ਜਿਆਦਾ ਜਾਣਕਾਰੀ ਲਈ **health.alberta.ca** 'ਤੇ ਜਾਓ।

☐ **ਕਿਸੇ ਪ੍ਰਵਾਸ ਸੇਵਾ ਏਜੰਸੀ ਨਾਲ ਸੰਪਰਕ ਕਰੋ**

ਇਹ ਨਕਸ਼ਾ ਉਹਨਾਂ ਏਜੰਸੀਆਂ ਦੇ ਸੰਪਰਕ ਵੇਰਵੇ ਮੁਹੱਈਆ ਕਰਦਾ ਹੈ ਜੋ ਤੁਹਾਨੂੰ ਕੈਲਗਰੀ ਵਿੱਚ ਵਸਾਉਣ ਵਿੱਚ ਸਹਾਇਤਾ ਕਰਣਗੀਆਂ।

☐ **ਘਰ/ਕਿਰਾਏਦਾਰ ਬੀਮਾ**

☐ **ਅਲਬਰਟਾ ਡ੍ਰਾਈਵਰ ਲਾਇਸੰਸ ਜਾਂ ਅਲਬਰਟਾ ਆਈਡੀ ਲਈ ਅਰਜ਼ੀ ਦਿਓ**

ਜਿਆਦਾ ਜਾਣਕਾਰੀ ਲਈ **servicealberta.gov.ab.ca** 'ਤੇ ਜਾਓ।

☐ **ਇੱਕ ਕੈਨੇਡੀਅਨ ਬੈਂਕ ਖਾਤੇ ਲਈ ਅਰਜ਼ੀ ਦਿਓ**

ਜਿਆਦਾ ਜਾਣਕਾਰੀ ਲਈ **bankingforall.ca** 'ਤੇ ਜਾਓ।



# ਕਿੱਥੇ ਜਾਣਾ ਹੈ ਅਤੇ ਉੱਥੇ ਕਿਵੇਂ ਪਹੁੰਚਣਾ ਹੈ

| ਹਸਪਤਾਲ | | |
|---|---|---|
| 1 | **Alberta Children's Hospital** | 28 Oki Dr. N.W. |
| 2 | **Foothills** | 1403 29th St. N.W. |
| 3 | **Peter Lougheed** | 3500 26th Ave. N.E. |
| 4 | **Rockyview** | 7007 14th St. S.W. |
| 5 | **Sheldon Chumir** | 1213 Fourth St. S.W. |
| 6 | **South Health Campus** | 4448 Front St. S.E. |

| ਲੈਂਡਮਾਰਕ | |
|---|---|
| Calgary Airport | 2000 Airport Road N.E. |
| Calgary Tower | 101 Ninth Ave. S.W. |
| Saddledome | 555 Saddledome Rise S.E. |

<table>
<tr><th></th><th>ਮੰਜ਼ਲ</th><th>ਪਤਾ</th><th>ਪ੍ਰੋਗਰਾਮ ਅਤੇ ਸੇਵਾਵਾਂ</th><th>ਵੈੱਬਸਾਈਟ</th></tr>
<tr><td colspan="5">ਜਨਤਕ ਸੰਸਥਾਵਾਂ</td></tr>
<tr><td>1</td><td>Bow Valley College (BVC)</td><td>345 Sixth Ave. S.E.</td><td>ਸਿੱਖਿਆ ਪ੍ਰੋਗਰਾਮ ਅਤੇ ਕੋਰਸ।</td><td>bowvalleycollege.ca</td></tr>
<tr><td>2</td><td>ਵਪਾਰ ਅਤੇ ਪੇਸ਼ੇਵਰ ਰੁਜ਼ਗਾਰ ਵਿੱਚ ਪ੍ਰਵਾਸੀਆਂ ਲਈ ਨਿਰਦੇਸ਼</td><td>Bow Valley College, West Campus, Room 219, 300 Sixth Ave. S.E.</td><td>ਰੁਜ਼ਗਾਰ ਸੇਵਾਵਾਂ: ਪੇਸ਼ੇਵਰਾਂ ਲਈ ਰਜ਼ਿਊਮ ਸਮੀਖਿਆ, ਇੰਟਰਵਿਊ ਕਾਉਂਸਲਿੰਗ ਅਤੇ ਅਧਿਐਨ ਸਮੂਹ।</td><td>directionsforimmigrants.ca</td></tr>
<tr><td>3</td><td>ਕੈਲਗਰੀ ਬੋਰਡ ਆਫ ਐਜੁਕੇਸ਼ਨ</td><td>1221 Eighth St. S.W.</td><td>ਕਿੰਡਰਗਾਰਟਨ ਤੋਂ ਗ੍ਰੇਡ 12 ਤਕ ਦੇ ਸਕੂਲੀ ਉਮਰ ਦੇ ਬੱਚਿਆਂ ਲਈ ਭਰਤੀ।</td><td>cbe.ab.ca</td></tr>
<tr><td>4</td><td>ਕੈਲਗਰੀ ਕੈਥੋਲਿਕ ਸਕੂਲ ਡਿਸਟ੍ਰਿਕਟ, ਸੈਂਟ. ਜੋਨ ਰਿਸੈਪਸ਼ਨ ਸੈਂਟਰ</td><td>15 12th St. N.W.</td><td>ਕਿੰਡਰਗਾਰਟਨ ਤੋਂ ਗ੍ਰੇਡ 12 ਤਕ ਦੇ ਬੱਚਿਆਂ ਲਈ ਕੈਥੋਲਿਕ ਸਕੂਲ ਭਰਤੀ।</td><td>cssd.ab.ca</td></tr>
<tr><td>5</td><td>ਸੈਂਟ੍ਰਲ ਲਾਇਬ੍ਰੇਰੀ</td><td>800 Third St. S.E.</td><td>ਕੈਲਗਰੀ ਦੇ ਨਿਵਾਸੀਆਂ ਲਈ ਲਾਇਬ੍ਰੇਰੀ ਕਾਰਡ ਮੁਫਤ ਹਨ। ਨੌਕਰੀ ਲੱਭਣ ਵਾਲਿਆਂ, ਨਵੇਂ ਆਉਣ ਵਾਲੇ ਲੋਕਾਂ, ਪਰਿਵਾਰਾਂ ਅਤੇ ਵਿਦਿਆਰਥੀਆਂ ਲਈ ਮੁਫਤ ਇੰਟਰਨੈੱਟ ਪਹੁੰਚ, ਕਮਰਾ ਬੁਕਿੰਗਾਂ ਅਤੇ ਪ੍ਰੋਗਰਾਮ।</td><td>calgarylibrary.ca</td></tr>
<tr><td>6</td><td>ਜੇਨੇਸਿਸ ਸੈਂਟਰ 1000 ਵੌਂਇਸਿਜ਼</td><td>7555 Falconridge Blvd. N.E.</td><td>ਮਨੋਰੰਜਨ, ਖੇਡ ਅਤੇ ਸੱਭਿਆਚਾਰ ਸਹੂਲਤ। 1000 ਵੌਂਇਸਿਜ਼ ਰੁਜ਼ਗਾਰ ਸਿਖਲਾਈ, ਵਸਣ ਦੀਆਂ ਸੇਵਾਵਾਂ ਅਤੇ ਬਜ਼ੁਰਗਾਂ ਅਤੇ ਨੌਜਵਾਨਾਂ ਲਈ ਪ੍ਰੋਗਰਾਮਾਂ ਸਮੇਤ, 40 ਤੋਂ ਵੱਧ ਸੇਵਾ ਪ੍ਰਦਾਤਾਵਾਂ ਅਤੇ 100 ਤੋਂ ਵੱਧ ਪ੍ਰੋਗਰਾਮਾਂ ਵਾਲੇ ਘਰਾਂ ਨਾਲ ਮਿਲ ਕੇ ਕੰਮ ਕਰਦੇ ਹਨ।</td><td>genesis-centre.ca</td></tr>
<tr><td>7</td><td>ਹੈਰੀ ਹੇਜ਼ ਬਿਲਡਿੰਗ (ਕੈਨੇਡਾ ਸਰਕਾਰ ਦੀ ਬਿਲਡਿੰਗ)</td><td>220 Fourth Ave. S.E.</td><td>ਸਰਵਿਸ ਕਨੇਡਾ - ਰੁਜ਼ਗਾਰ ਸੇਵਾਵਾਂ, ਪਰਿਵਾਰਕ ਸੇਵਾਵਾਂ, ਕੈਨੇਡਾ ਸੇਵਾਵਾਂ ਲਈ ਨਵੇਂ ਆਏ।</td><td>servicecanada.gc.ca</td></tr>
<tr><td colspan="5">ਪ੍ਰਵਾਸ ਸੇਵਾ ਏਜੰਸੀਆਂ (ਗੈਰ-ਮੁਨਾਫਾ ਸੰਗਠਨ)</td></tr>
<tr><td>1</td><td>ਕੈਲਗਰੀ ਬ੍ਰਿਜ ਫਾਂਉਂਡੇਸ਼ਨ ਫਾਰ ਯੂਥ (CBFY)</td><td>620, 5920 Macleod Tr. S.W.</td><td>ਸਕੂਲ ਸਥਾਨ ਵਿੱਚ | ਸਦੱਸਤਾ ਪ੍ਰੋਗਰਾਮ | ਸਕੂਲ ਤੋਂ ਬਾਅਦ ਦੇ ਪ੍ਰੋਗਰਾਮ | ਅਕਾਦਮਿਕ ਟਿਊਸ਼ਨ | ਗਰਮੀਆਂ ਦਾ ਪ੍ਰੋਗਰਾਮ</td><td>cbfy.ca</td></tr>
<tr><td>2</td><td>ਕੈਲਗਰੀ ਕੈਥੋਲਿਕ ਇਮੀਗ੍ਰੇਸ਼ਨ ਸੋਸਾਇਟੀ (CCIS)</td><td>1111 11th Ave. S.W.</td><td>ਮੁੜ ਵਸੇਬਾ ਅਤੇ ਏਕੀਕਰਣ ਸੇਵਾਵਾਂ | ਵਿਆਖਿਆ ਅਤੇ ਮੂਲ ਭਾਸ਼ਾ ਦੀ ਸਹਾਇਤਾ | ਭਾਸ਼ਾ ਸਿਖਲਾਈ | ਕਾਰੋਬਾਰ ਅਤੇ ਰੁਜ਼ਗਾਰ ਸਿਖਲਾਈ ਸੇਵਾਵਾਂ | ਕੰਪਿਊਟਰ ਸੇਵਾਵਾਂ | ਸਮਰਥਨ ਸਲਾਹਕਾਰੀ ਅਤੇ ਰੈਫਰਲ ਸੇਵਾਵਾਂ | ਸਿਹਤ ਅਨੁਕੂਲਨ | ਕਮਿਊਨਿਟੀ ਕਨੈਕਸ਼ਨ | ਵਾਲੰਟੀਅਰ ਪ੍ਰੋਗਰਾਮ | ਪਰਿਵਾਰ ਅਤੇ ਬਾਲ ਸੇਵਾਵਾਂ | ਯੂਥ ਪ੍ਰੋਗਰਾਮ | ਬਜ਼ੁਰਗਾਂ ਦੇ ਪ੍ਰੋਗਰਾਮ | ਇਨ੍ਹਾਂ ਸੇਵਾਵਾਂ ਤਕ ਪਹੁੰਚ ਪ੍ਰਾਪਤ ਕਰਨ ਲਈ ਤੁਹਾਨੂੰ ਕੈਥੋਲਿਕ ਹੋਣ ਦੀ ਲੋੜ ਨਹੀਂ ਹੈ</td><td>ccisab.ca</td></tr>
<tr><td>3</td><td>ਦੀ ਇਮੀਗ੍ਰੈਂਟ ਐਜੁਕੇਸ਼ਨਲ ਸੋਸਾਇਟੀ (TIES)</td><td>1730 40th St. S.E.<br>3820 32nd St. N.E.<br>32 Westwinds Cres. N.E.</td><td>ਮੁੜ ਵਸੇਬਾ ਸੇਵਾਵਾਂ | ਭਾਸ਼ਾ ਸਿਖਲਾਈ | ਰੁਜ਼ਗਾਰ ਸੇਵਾਵਾਂ | ਕੰਪਿਊਟਰ ਸੇਵਾਵਾਂ | ਵਾਲੰਟੀਅਰ ਪ੍ਰੋਗਰਾਮ | ਬਾਲ ਸੇਵਾਵਾਂ</td><td>immigrant-education.ca</td></tr>
<tr><td>4</td><td>ਕੈਲਗਰੀ ਪ੍ਰਵਾਸੀ ਔਰਤਾਂ ਦਾ ਸੰਗਠਨ (CIWA)</td><td>#200, 138 Fourth Ave. S.E.</td><td>ਮੁੜ ਵਸੇਬਾ ਸੇਵਾਵਾਂ | ਸ਼ਰਨਾਰਥੀ ਸੇਵਾਵਾਂ | ਵਿਆਖਿਆ ਅਤੇ ਮੂਲ ਭਾਸ਼ਾ ਦੀ ਸਹਾਇਤਾ | ਭਾਸ਼ਾ ਸਿਖਲਾਈ | ਰੁਜ਼ਗਾਰ ਸੇਵਾਵਾਂ | ਕੰਪਿਊਟਰ ਸੇਵਾਵਾਂ | ਸਲਾਹਕਾਰੀ ਸੇਵਾਵਾਂ | ਸਿਹਤ ਸੇਵਾਵਾਂ | ਕਾਨੂੰਨੀ ਸਹਾਇਤਾ | ਨਸਲਵਾਦ/ਭੇਦਭਾਵ | ਭਾਈਚਾਰਕ ਭਾਗੀਦਾਰੀ | ਵਾਲੰਟੀਅਰ ਪ੍ਰੋਗਰਾਮ | ਪਰਿਵਾਰਕ ਸੇਵਾਵਾਂ | ਯੂਥ ਸੇਵਾਵਾਂ | ਬਜ਼ੁਰਗਾਂ ਦੇ ਪ੍ਰੋਗਰਾਮ | ਬੱਚਿਆਂ ਦੀਆਂ ਸੇਵਾਵਾਂ</td><td>ciwa-online.com</td></tr>
<tr><td>5</td><td>ਨਵੇਂ ਆਉਣ ਵਾਲਿਆਂ ਲਈ ਕੇਂਦਰ (CFN)</td><td>#1010, 999 36th St. N.E.</td><td>ਵਸੇਬਾ ਸੇਵਾਵਾਂ | ਅੰਗਰੇਜ਼ੀ ਭਾਸ਼ਾ ਸਿਖਲਾਈ | ਰੁਜ਼ਗਾਰ ਵਿਕਾਸ ਅਤੇ ਨੌਕਰੀ ਖੋਜ ਸੇਵਾਵਾਂ | ਵਾਲੰਟੀਅਰ ਵਿਕਾਸ ਪ੍ਰੋਗਰਾਮ | ਅਕਾਉਂਟੈਂਟਸ ਪ੍ਰੋਗਰਾਮ ਲਈ ਕਾਰੋਬਾਰੀ ਸੰਚਾਰ | ਨੌਜਵਾਨ ਵਿਕਾਸ ਪ੍ਰੋਗਰਾਮ | ਐਥਨੀਸਿਟੀ ਕੈਟਰਿੰਗ ਸਿਖਲਾਈ ਪ੍ਰੋਗਰਾਮ | ਜੀਵਨ ਹੁਨਰਾਂ ਦੇ ਪ੍ਰੋਗਰਾਮ | ਭਾਈਚਾਰਕ ਪਹਿਲਕਦਮੀ ਦਾ ਸੁਆਗਤ | ਬੱਚਿਆਂ ਲਈ ਬੰਦੋਬਸਤ ਵਾਲਾ ਪ੍ਰੋਗਰਾਮ</td><td>centrefornewcomers.ca</td></tr>
<tr><td>6</td><td>ਪ੍ਰਵਾਸੀ ਸੇਵਾਵਾਂ ਕੈਲਗਰੀ (ISC)</td><td>#1200, 910 Seventh Ave. S.W.</td><td>ਵਸੇਬਾ ਅਤੇ ਏਕੀਕਰਣ ਸੇਵਾਵਾਂ | ਵਿਆਖਿਆ ਅਤੇ ਅਨੁਵਾਦ | ਭਾਸ਼ਾ ਮੁਲਾਂਕਣ | ਵਿੱਦਿਅਕ ਅਤੇ ਰੁਜ਼ਗਾਰ ਸਲਾਹਕਾਰੀ | ਬਜ਼ੁਰਗਾਂ ਦੇ ਪ੍ਰੋਗਰਾਮ | ਵਾਲੰਟੀਅਰ ਪ੍ਰੋਗਰਾਮ | ਸਿਟੀਜ਼ਨਸ਼ਿਪ ਤਿਆਰੀ | ਰੁਜ਼ਗਾਰ ਬ੍ਰਿਜਿੰਗ ਸੇਵਾਵਾਂ ਅਤੇ ਸਲਾਹ-ਮਸ਼ਵਰਾ ਪ੍ਰੋਗਰਾਮ | ਬੱਚੇ ਅਤੇ ਮਾਪਿਆਂ ਦੇ ਪ੍ਰੋਗਰਾਮ | ਯੂਥ ਪ੍ਰੋਗਰਾਮ | ਪਾਲਣ ਪੋਸ਼ਣ ਅਤੇ ਪਰਿਵਾਰ ਲਈ ਸਹਾਇਤਾ ਪ੍ਰੋਗਰਾਮ | ਪੁਰਸ਼ਾਂ ਦਾ ਪ੍ਰੋਗਰਾਮ | ਸਲਾਹਕਾਰੀ ਸੇਵਾਵਾਂ</td><td>immigrantservicescalgary.ca</td></tr>
<tr><td>7</td><td>ਜੇਵਿਸ਼ ਪਰਿਵਾਰ ਸੇਵਾ ਕੈਲਗਰੀ (JFSC)</td><td>#420, 5920 1A St. S.W.</td><td>ਮੁੜ ਵਸੇਬਾ ਸੇਵਾਵਾਂ | ਵਿਆਖਿਆ ਅਤੇ ਮੂਲ ਭਾਸ਼ਾ ਲਈ ਸਹਾਇਤਾ | ਨੌਕਰੀ ਖੋਜ ਸੇਵਾਵਾਂ | ਸਲਾਹਕਾਰੀ ਸੇਵਾਵਾਂ | ਬਜ਼ੁਰਗਾਂ ਦੇ ਪ੍ਰੋਗਰਾਮ | ਇਨ੍ਹਾਂ ਸੇਵਾਵਾਂ ਤਕ ਪਹੁੰਚ ਪ੍ਰਾਪਤ ਕਰਨ ਲਈ ਤੁਹਾਨੂੰ ਜੇਵਿਸ਼ ਹੋਣ ਦੀ ਲੋੜ ਨਹੀਂ ਹੈ</td><td>jfsc.org</td></tr>
</table>


R
Tuscany
Crowchild Trail
John Laurie Blvd
NOSEHILL
PARK
B
Saddletowne
Stoney Trail
N
McKnight Blvd
16th AVE
Memorial Drive
Bow River
Bow Trail
B
69th Street
Sarcee Trail
Elbow River
Macleod Trail
Blackfoot Trail
Deerfoot Trail
GLENMORE
RESERVOIR
Heritage
Drive
Glenmore Trail
Barlow Trail
Somerset - Bridlewood
FISH
CREEK
PARK
Stoney Trail
Deerfoot Trail
ਰੈਡ ਲਾਈਨ ਸੀਟ੍ਰੇਨ ਸਟੇਸ਼ਨ
ਬਲੂ ਲਾਈਨ ਸੀਟ੍ਰੇਨ ਸਟੇਸ਼ਨ
ਹਸਪਤਾਲ
ਲੈਂਡਮਾਰਕਸ
ਜਨਤਕ ਸੰਸਥਾਵਾਂ
ਪ੍ਰਵਾਸੀ ਸੇਵਾ ਏਜੰਸੀਆਂ
ਡਾਊਨਟਾਊਨ ਖੇਤਰ